**ਪੰਜਾਬ ਸਕੂਲ ਸਿੱਖਿਆ ਬੋਰਡ**

**ਸਰਕੂਲਰ (Circular)**

CircularNo 24/AP

Date 28/10/21.

1. ਸਮੂਹ ਸਰਕਾਰੀ/ਐਫੀਲੀਏਟਿਡ/ਏਡਿਡ/ਐਸੋਸੀਏਟਿਡ/ਮਾਨਤਾ ਪ੍ਰਾਪਤ ਸਕੂਲ ਮੁੱਖੀ, ਸਬੰਧਤ ਵਿਦਿਆਰਥੀ
2. ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫ਼ਤਰ (ਪਸਸਬ)
3. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ

**ਅਕਾਦਮਿਕ ਸਾਲ 2021-22 ਲਈ ਬੋਰਡ ਸ਼੍ਰੇਣੀਆਂ (ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ) ਲਈ ਪ੍ਰੀਖਿਆ ਮੁਲਾਂਕਣ ਨੀਤੀ ਸਬੰਧੀ ਬੋਰਡ ਵੱਲੋਂ ਜਾਰੀ ਕੀਤਾ ਸਰਕੂਲਰ ਨੰ. 03/ਅਕਾਦਮਿਕ ਮਿਤੀ 23-09-21 ਦੀ ਲਗਾਤਾਰਤਾ ਵਿੱਚ ਹੇਠ ਦਰਜ਼ ਸ਼੍ਰੇਣੀ ਵਾਰ ਹਦਾਇਤਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ।**

**ਪੰਜਵੀਂ ਸ਼੍ਰੇਣੀ:-**

- ਪੰਜਵੀਂ ਸ਼੍ਰੇਣੀ ਲਈ ਟਰਮ-। ਦੀ ਪੰਜ ਮੁੱਖ ਵਿਸ਼ਿਆਂ ਦੀ ਲਿਖਤੀ ਪ੍ਰੀਖਿਆ ਤਿੰਨ ਦਿਨਾਂ ਵਿੱਚ ਲਈ ਜਾਵੇਗੀ।
- ਪਹਿਲੇ ਦਿਨ ਪਹਿਲੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ) ਅਤੇ ਵਾਤਾਵਰਨ ਸਿੱਖਿਆ ਵਿਸ਼ਿਆਂ ਦੀ ਇਕੱਠੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਦਾ ਸਮਾਂ 1 ½ ਘੰਟੇ ਦਾ ਹੋਵੇਗਾ।
- ਦੂਜੇ ਦਿਨ ਦੂਜੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ) ਅਤੇ ਅੰਗਰੇਜ਼ੀ ਵਿਸ਼ਿਆਂ ਦੀ ਇਕੱਠੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਦਾ ਸਮਾਂ 1 ½ ਘੰਟੇ ਦਾ ਹੋਵੇਗਾ।
- ਤੀਜੇ ਦਿਨ ਗਣਿਤ ਵਿਸ਼ੇ ਦੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਦਾ ਸਮਾਂ 45 ਮਿੰਟ ਦਾ ਹੋਵੇਗਾ।
- ਹਰੇਕ ਵਿਸ਼ੇ ਦੇ ਪ੍ਰਸ਼ਨ ਪੱਤਰ ਲਈ 20 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ ਹੋਣਗੇ ਜਿਹਨਾਂ ਦਾ ਉੱਤਰ ਵਿਦਿਆਰਥੀਆਂ ਵੱਲੋਂ OMR Sheet ਤੇ ਦਿੱਤਾ ਜਾਵੇਗਾ। ਹਰੇਕ ਪ੍ਰਸ਼ਨ 2 ਅੰਕ ਦਾ ਹੋਵੇਗਾ।
- ਇਹ ਪ੍ਰੀਖਿਆ ਹਰ ਵਿਸ਼ੇ ਦੇ 50 % ਪਾਠਕ੍ਰਮ ਅਨੁਸਾਰ ਲਈ ਜਾਵੇਗੀ। ।
- ਤਿੰਨੋਂ ਦਿਨਾਂ ਲਈ OMR Sheet ਤੇ ਉੱਤਰ ਭਰਨ ਲਈ 1 ਤੋਂ 40 ਤੱਕ ਖਾਨੇ(ਗੋਲੇ) ਹੋਣਗੇ।

**ਅੱਠਵੀਂ ਸ਼੍ਰੇਣੀ -:**

- ਅੱਠਵੀਂ ਸ਼੍ਰੇਣੀ ਲਈ ਟਰਮ-1 ਦੀ ਛੇ ਮੁੱਖ ਵਿਸ਼ਿਆਂ ਦੀ ਲਿਖਤੀ ਪ੍ਰੀਖਿਆ ਤਿੰਨ ਦਿਨਾਂ ਵਿੱਚ ਲਈ ਜਾਵੇਗੀ।
- ਪਹਿਲੇ ਦਿਨ ਪਹਿਲੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ) ਅਤੇ ਗਣਿਤ ਵਿਸ਼ਿਆਂ ਦੀ ਇਕੱਠੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਦਾ ਸਮਾਂ 3 ਘੰਟੇ ਦਾ ਹੋਵੇਗਾ।

- ਦੂਜੇ ਦਿਨ ਦੂਜੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ) ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦੀ ਇਕੱਠੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਦਾ ਸਮਾਂ 3 ਘੰਟੇ ਦਾ ਹੋਵੇਗਾ।
- ਤੀਜੇ ਦਿਨ ਅੰਗਰੇਜ਼ੀ ਅਤੇ ਵਿਗਿਆਨ ਵਿਸ਼ਿਆਂ ਦੀ ਇਕੱਠੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਦਾ ਸਮਾਂ 3 ਘੰਟੇ ਦਾ ਹੋਵੇਗਾ।
- ਹਰੇਕ ਵਿਸ਼ੇ ਦੇ ਪ੍ਰਸ਼ਨ ਪੱਤਰ ਲਈ 40 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ ਹੋਣਗੇ ਜਿਹਨਾਂ ਦਾ ਉੱਤਰ ਵਿਦਿਆਰਥੀਆਂ ਵੱਲੋਂ OMR Sheet ਤੇ ਦਿੱਤਾ ਜਾਵੇਗਾ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।
- ਇਹ ਪ੍ਰੀਖਿਆ ਹਰ ਵਿਸ਼ੇ ਦੇ 50 % ਪਾਠਕ੍ਰਮ ਅਨੁਸਾਰ ਲਈ ਜਾਵੇਗੀ।
- ਤਿੰਨੋ ਦਿਨਾਂ ਲਈ OMR Sheet ਤੇ ਉੱਤਰ ਭਰਨ ਲਈ 1 ਤੋਂ 80 ਤੱਕ ਖਾਨੇ(ਗੋਲੇ) ਹੋਣਗੇ।

**ਦਸਵੀਂ ਸ਼੍ਰੇਣੀ**

- ਦਸਵੀਂ ਸ਼੍ਰੇਣੀ ਲਈ ਟਰਮ-1 ਦੀ ਛੇ ਮੁੱਖ ਵਿਸ਼ਿਆਂ (ਪੰਜਾਬੀ-ਏ ਅਤੇ ਬੀ/ਪੰਜਾਬ ਹਿਸਟਰੀ ਐਂਡ ਕਲਚਰ-ਏ ਅਤੇ ਬੀ, ਅੰਗਰੇਜੀ, ਹਿੰਦੀ/ਉਰਦੂ, ਗਣਿਤ, ਵਿਗਿਆਨ ਅਤੇ ਸਮਾਜਿਕ ਸਿੱਖਿਆ) ਦੀ ਲਿਖਤੀ ਪ੍ਰੀਖਿਆ ਛੇ ਦਿਨਾਂ ਵਿੱਚ ਲਈ ਜਾਵੇਗੀ।
- ਹਰੇਕ ਵਿਸ਼ੇ (ਪੰਜਾਬੀ/ ਪੰਜਾਬ ਹਿਸਟਰੀ ਅਤੇ ਕਲਚਰ ਨੂੰ ਛੱਡ ਕੇ )ਪ੍ਰੀਖਿਆ ਦਾ ਸਮਾਂ 1 ½ ਘੰਟੇ ਦਾ ਹੋਵੇਗਾ।
- ਹਰੇਕ ਵਿਸ਼ੇ(ਪੰਜਾਬੀ/ ਪੰਜਾਬ ਹਿਸਟਰੀ ਅਤੇ ਕਲਚਰ ਨੂੰ ਛੱਡ ਕੇ ) ਦੇ ਪ੍ਰਸ਼ਨ ਪੱਤਰ ਲਈ 40 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ ਹੋਣਗੇ ਜਿਹਨਾਂ ਦਾ ਉੱਤਰ ਵਿਦਿਆਰਥੀਆਂ ਵੱਲੋਂ OMR Sheet ਤੇ ਦਿੱਤਾ ਜਾਵੇਗਾ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।
- ਪੰਜਾਬੀ-ਏ ਅਤੇ ਬੀ/ ਪੰਜਾਬ ਹਿਸਟਰੀ ਐਂਡ ਕਲਚਰ-ਏ ਅਤੇ ਬੀ ਦੀ ਲਿਖਤੀ ਪ੍ਰੀਖਿਆ ਇੱਕ ਦਿਨ ਵਿੱਚ ਹੀ ਲਈ ਜਾਵੇਗੀ। ਪ੍ਰੀਖਿਆ ਦਾ ਸਮਾਂ 2 ਘੰਟੇ ਹੋਵੇਗਾ ਅਤੇ ਕੁੱਲ ਪ੍ਰਸ਼ਨ 60 (30 ਪ੍ਰਸ਼ਨ ਪੇਪਰ ਏ ਲਈ ਅਤੇ 30 ਪ੍ਰਸ਼ਨ ਪੇਪਰ ਬੀ ਲਈ) ਬਹੁ-ਵਿਕਲਪੀ ਉੱਤਰਾਂ ਵਾਲੇ ਹੋਣਗੇ ਜਿਹਨਾਂ ਦਾ ਉੱਤਰ ਵਿਦਿਆਰਥੀਆਂ ਵੱਲੋਂ OMR Sheet ਤੇ ਦਿੱਤਾ ਜਾਵੇਗਾ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।
- ਇਹ ਪ੍ਰੀਖਿਆ ਹਰ ਵਿਸ਼ੇ ਦੇ 50 % ਪਾਠਕ੍ਰਮ ਅਨੁਸਾਰ ਲਈ ਜਾਵੇਗੀ।
- OMR Sheet ਤੇ ਉੱਤਰ ਭਰਨ ਲਈ 1 ਤੋਂ 60 ਤੱਕ ਖਾਨੇ(ਗੋਲੇ) ਹੋਣਗੇ।

**ਬਾਰ੍ਹਵੀਂ ਸ਼੍ਰੇਣੀ -:**

- ਬਾਰ੍ਹਵੀਂ ਸ਼੍ਰੇਣੀ ਲਈ ਟਰਮ-1 ਦੀ ਪੰਜ ਮੁੱਖ ਵਿਸ਼ਿਆਂ (ਜਨਰਲ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ, ਜਨਰਲ ਅੰਗਰੇਜੀ ਅਤੇ ਤਿੰਨ ਇਲੈਕਟਿਵ ਵਿਸ਼ੇ) ਅਤੇ ਇੱਕ ਵਾਧੂ ਵਿਸ਼ੇ (ਜੇਕਰ ਲਾਗੂ ਹੋਵੇ) ਦੀ ਲਿਖਤੀ ਪ੍ਰੀਖਿਆ ਲਈ ਜਾਵੇਗੀ।
- ਹਰੇਕ ਵਿਸ਼ੇ ਦੇ ਪ੍ਰਸ਼ਨ ਪੱਤਰ ਵਿੱਚ 40 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ ਹੋਣਗੇ। ਜਿਹਨਾਂ ਦਾ ਉਤਰ ਵਿਦਿਆਰਥੀਆਂ ਵੱਲੋਂ OMR sheet ਤੇ ਦਿੱਤਾ ਜਾਵੇਗਾ । ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ। ਹਰੇਕ ਵਿਸ਼ੇ ਦੀ ਪ੍ਰੀਖਿਆ ਲਈ ਸਮਾਂ 1 ½ ਘੰਟੇ ਦਾ ਹੋਵੇਗਾ।
- ਇਹ ਪ੍ਰੀਖਿਆ ਵਿਸ਼ੇ ਦੇ 50 % ਪਾਠਕ੍ਰਮ ਅਨੁਸਾਰ ਲਈ ਜਾਵੇਗੀ।

- OMR Sheet ਤੇ ਉੱਤਰ ਭਰਨ ਲਈ 1 ਤੋਂ 40 ਤੱਕ ਖਾਨੇ(ਗੋਲੇ) ਹੋਣਗੇ।
- MR Sheet ਵਿੱਚ ਵਿਦਿਆਰਥੀ ਵੱਲੋਂ ਆਪਣੇ ਵੇਰਵੇ ਭਰਨ ਲਈ 15 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਵਿਸ਼ੇ ਲਈ ਨਿਰਧਾਰਿਤ ਲਿਖਤੀ ਅੰਕਾਂ ਅਨੁਸਾਰ, ਪ੍ਰਸ਼ਨਾਂ ਦੀ ਗਿਣਤੀ ਘੱਟ ਹੋ ਸਕਦੀ ਹੈ ।

**NSQF ਅਤੇ ਵੋਕੇਸ਼ਨਲ ਸਟਰੀਮ ਅਧੀਨ ਵਿਸ਼ਿਆਂ ਸਬੰਧੀ:-**

- NSQF ਅਤੇ ਵੋਕੇਸ਼ਨਲ ਸਟਰੀਮ ਅਧੀਨ ਵਿਸ਼ਿਆਂ ਦੀ ਪਰੀਖਿਆਂ ਜਨਰਲ ਵਿਸ਼ਿਆਂ ਵਾਂਗ ਹੀ ਦੋ ਟਰਮ ਵਿੱਚ ਲਈ ਜਾਵੇਗੀ।

**ਪ੍ਰਯੋਗੀ ਪ੍ਰੀਖਿਆ,ਗ੍ਰੇਡਿੰਗ ਵਿਸ਼ੇ ਅਤੇ ਵਿਦੇਸ਼ੀ ਭਾਸ਼ਾਵਾਂ ਦੀਆਂ ਪ੍ਰੀਖਿਆਵਾਂ ਸਬੰਧੀ:-**

- ਟਰਮ-1 ਵਿੱਚ ਪ੍ਰਯੋਗੀ ਪ੍ਰੀਖਿਆ ਨਹੀਂ ਲਈ ਜਾਵੇਗੀ।
- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਫਰੈਂਚ ਅਤੇ ਜਰਮਨ ਵਿਸ਼ਿਆਂ ਦੀ ਟਰਮ-1 ਦੀ ਪਰੀਖਿਆ ਨਹੀਂ ਲਈ ਜਾਵੇਗੀ।
- ਟਰਮ-1 ਵਿੱਚ ਸਿਰਫ ਮੁੱਖ ਵਿਸ਼ਿਆਂ ਦੀ ਪ੍ਰੀਖਿਆ ਕਰਵਾਈ ਜਾਵੇਗੀ ਭਾਵ ਗ੍ਰੇਡਿੰਗ ਵਾਲੇ ਵਿਸ਼ਿਆਂ ਦੀ ਪ੍ਰੀਖਿਆ ਨਹੀਂ ਕਰਵਾਈ ਜਾਵੇਗੀ।

ਉਪ-ਸਕੱਤਰ (ਅਕਾਦਮਿਕ)